BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ, ਬ੍ਰੈਂਪਟਨ ਟ੍ਰਾਂਜ਼ਿਟ, ਫਾਇਰ ਐਂਡ ਐਮਰਜੈਂਸੀ ਸਰਵਿਸਿਜ ਵਿੱਚ ਨੌਕਰੀਆਂ ਪੇਸ਼ ਕਰਦੇ ਹੋਏ ਕੈਰੀਅਰ ਐਕਸਪੋ ਦਾ ਆਯੋਜਨ ਕਰੇਗੀ

ਬ੍ਰੈਂਪਟਨ, ਓਨਟੈਰੀਓ (7 ਫਰਵਰੀ, 2020) – ਬ੍ਰੈਂਪਟਨ ਟ੍ਰਾਂਜ਼ਿਟ ਅਤੇ ਫਾਇਰ ਐਂਡ ਐਮਰਜੈਂਸੀ ਸਰਿਵਸਿਜ (Brampton Transit and Fire and Emergency Services) ਵਿੱਚ ਕੈਰੀਅਰ ਬਾਰੇ ਜਾਣਨ ਦੇ ਬੇਜੋੜ ਮੌਕੇ ਲਈ, ਮੰਗਲਵਾਰ, 25 ਫਰਵਰੀ ਨੂੰ ਦੁਪਹਿਰ ਬਾਅਦ 3 ਵਜੇ ਤੋਂ ਲੈ ਕੇ ਰਾਤ 8 ਵਜੇ ਤੱਕ, ਕ੍ਰਿਸ ਗਿਬਸਨ ਰੇਕ੍ਰੀਏਸ਼ਨ ਸੈਂਟਰ (Chris Gibson Recreation Centre) ਵਿਖੇ ਸਿਟੀ ਆਫ ਬ੍ਰੈਂਪਟਨ ਦੇ ਸਟਾਫ ਨਾਲ ਸ਼ਾਮਲ ਹੋਵੋ।

ਬੱਸ ਸਬੰਧੀ ਸੰਚਾਲਨ ਕਰਨਾ ਅਤੇ ਅੱਗ ਦੀਆਂ ਘਟਨਾਵਾਂ ਦਾ ਮੁਕਾਬਲਾ ਕਰਨਾ, ਇਹਨਾਂ ਵਿਭਾਗਾਂ ਦੀਆਂ ਆਮ ਭੂਮਿਕਾਵਾਂ ਹੋ ਸਕਦੀਆਂ ਹਨ, ਪਰੰਤੂ ਕਈ ਅਜਿਹੇ ਮਹੱਤਵਪੂਰਣ ਅਹੁਦੇ ਵੀ ਹਨ, ਜਿਹਨਾਂ ਤੋਂ ਇਹ ਟੀਮਾਂ ਬਣਦੀਆਂ ਹਨ। ਸਿਟੀ ਮਕੈਨਿਕਾਂ, ਪ੍ਰੈਜ਼ੀਡੈਂਟ ਅਤੇ ਪ੍ਰਸ਼ਾਸਕਾਂ ਦੀ ਨਿਯੁਕਤੀ ਕਰਦੀ ਹੈ। ਸੂਚਨਾ ਤਕਨੀਕ, ਨਕਸ਼ੇ ਬਣਾਉਣ, ਗਾਹਕ ਸੇਵਾ, ਜਨਤਕ ਸਿੱਖਿਆ ਆਦਿ ਵਿੱਚ ਵੀ ਭੂਮਿਕਾਵਾਂ ਹਨ।

ਇਹਨਾਂ ਲਈ ਸਿਟੀ ਦੇ ਕੈਰੀਅਰ ਐਕਸਪੋ (Career Expo) ਵਿੱਚ ਸ਼ਾਮਲ ਹੋਵੋ:

- ਟ੍ਰਾਂਜ਼ਿਟ ਅਤੇ ਫਾਇਰ ਵਿਭਾਗਾਂ ਦੇ ਨਾਲ ਕੈਰੀਅਰ ਸਬੰਧੀ ਰਾਹ ਅਤੇ ਵਿਕਾਸ ਦੇ ਮੌਕਿਆਂ ਬਾਰੇ ਜਾਣੋ
- ਉਹਨਾਂ ਕਰਮਚਾਰੀਆਂ ਤੋਂ ਕੰਮ ਬਾਰੇ ਕਹਾਣੀਆਂ ਸੁਣੋ, ਜੋ ਇਸ ਵੇਲੇ ਇਹਨਾਂ ਟੀਮਾਂ ਦਾ ਹਿੱਸਾ ਹਨ
- ਮੁਫ਼ਤ ਰਿਜਿਊਮੇ ਕਲੀਨਿਕ (Resume Clinic) ਵਿੱਚ ਹਿੱਸਾ ਲਵੋ, ਇਹ ਤੁਹਾਨੂੰ ਬਿਹਤਰ ਢੰਗ ਨਾਲ ਅੱਗੇ ਵਧਣ ਵਿੱਚ ਮਦਦ ਕਰੇਗਾ – ਆਪਣਾ ਰਿਜਿਊਮੇ ਲੈ ਕੇ ਆਓ। ਸਿਟੀ ਦੇ ਮਾਹਰ ਤੁਹਾਡੇ ਨਾਲ ਇਸਦੀ ਸਮੀਖਿਆ ਕਰਨਗੇ

ਸ਼ਾਨਦਾਰ ਸੇਵਾ ਪ੍ਰਦਾਨ ਕਰਨ ਦੀ ਸ਼ੁਰੂਆਤ, ਇੱਕ ਪ੍ਰੇਰਿਤ ਅਤੇ ਜੋਸ਼ ਨਾਲ ਭਰੀ ਟੀਮ ਦੇ ਨਾਲ ਹੁੰਦੀ ਹੈ। ਇਹ ਕਾਰਜਕਰਮ ਸਿਟੀ ਲਈ ਨਵਾਂ ਹੈ। ਟੀਮ, ਕੈਰੀਅਰ ਸਬੰਧੀ ਮੌਕਿਆਂ ਬਾਰੇ ਸੁਚੇਤਤਾ ਵਧਾਉਣ ਲਈ ਉਤਸ਼ਾਹਿਤ ਹੈ। ਹਾਲਾਂਕਿ ਐਕਸਪੋ ਦੇ ਦੌਰਾਨ ਸਿਟੀ ਰਿਜਿਊਮੇ ਸਵੀਕਾਰ ਨਹੀਂ ਕਰ ਸਕਦੀ, ਫਿਰ ਵੀ ਸਟਾਫ਼, ਨੌਕਰੀ ਲੱਭਣ ਵਾਲਿਆਂ ਨੂੰ ਯੋਗਤਾਵਾਂ ਅਤੇ ਨੌਕਰੀ ਤੇ ਰੱਖਣ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਦੇਵੇਗਾ।

ਕ੍ਰਿਸ ਗਿਬਸਨ ਰੇਕ੍ਰੀਏਸ਼ਨ ਸੈਂਟਰ, ਵਿਲੀਅਮਸ ਪਾਰਕਵੇ (Williams Parkway) ਅਤੇ ਕਵੀਨ ਸਟ੍ਰੀਟ (Queen Street) ਦੇ ਵਿਚਕਾਰ, 125 ਮੈਕਲੌਗਲਿਨ ਰੋਡ (125 McLaughlin Road) ਵਿਖੇ ਸਥਿਤ ਹੈ।

**ਸੰਖੇਪ ਤੱਥ**

- ਜਨਵਰੀ 2020 ਵਿੱਚ, ਸਿਟੀ ਆਫ ਬ੍ਰੈਂਪਟਨ ਨੂੰ ਫੋਰਬਸ (Forbes) ਵੱਲੋਂ [ਕੈਨੇਡਾ ਦੇ ਬੈਸਟ ਇੰਪਲਾਇਰਸ 2020 (Canada's Best Employers 2020)] ਵਿੱਚੋਂ ਇੱਕ ਦੇ ਤੌਰ ਤੇ ਮਾਨਤਾ ਦਿੱਤੀ ਗਈ ਸੀ। ਇਹ ਕੈਨੇਡਾ ਵਿੱਚ 300 ਸਰਬੋਤਮ ਇੰਪਲਾਇਰਸ ਦੀ ਸੂਚੀ ਹੈ। ਸਿਟੀ ਸਰਬੋਤਮ 50 ਦੀ ਸੂਚੀ ਵਿੱਚ ਸਿਰਫ਼ ਦੋ ਕੈਨੇਡਿਅਨ ਗਵਰਨਮੈਂਟ ਸਰਵਿਸਿਜ (Canadian Government Services) ਸੰਗਠਨਾਂ ਵਿੱਚੋਂ ਇੱਕ ਸੀ।
- ਨਵੰਬਰ 2019 ਵਿੱਚ, ਸਿਟੀ ਆਫ ਬ੍ਰੈਂਪਟਨ ਨੇ ਪੰਜ-ਸਾਲਾ, ਵਰਕਪਲੇਸ ਡਾਈਵਰਸਿਟੀ ਐਂਡ ਇਨਕਲੂਜਨ ਸਟ੍ਰੈਟਜੀ ਐਂਡ ਵਰਕ ਪਲਾਨ (Workplace Diversity and Inclusion Strategy and Work Plan) ਤਿਆਰ ਕੀਤਾ। ਇਹ ਵੱਧ ਸ਼ਮੂਲੀਅਤ ਵਾਲਾ ਅਜਿਹਾ

ਸੰਗਠਨਾਤਮਕ ਸੱਭਿਆਚਾਰ ਵਿਕਸਿਤ ਕਰਨ ਦੇ ਮੌਕੇ ਪ੍ਰਦਾਨ ਕਰਦਾ ਹੈ, ਜੋ ਆਪਣੇ ਲੋਕਾਂ ਨੂੰ ਸ਼ਾਮਲ ਕਰਦਾ ਹੋਵੇ, ਉਹਨਾਂ ਨੂੰ ਵਿਕਸਿਤ ਕਰਦਾ ਹੋਵੇ ਅਤੇ ਉਹਨਾਂ ਦਾ ਜਸ਼ਨ ਮਨਾਉਂਦਾ ਹੋਵੇ ਅਤੇ ਵੰਨ-ਸੁਵੰਨੇ ਕਾਰਜਬਲ ਨੂੰ ਆਕਰਸ਼ਿਤ ਕਰਦਾ ਹੋਵੇ।

**ਹਵਾਲੇ**

"ਚੰਗੀ ਤਰ੍ਹਾਂ ਸੰਚਾਲਿਤ ਸ਼ਹਿਰ ਇੱਕ ਆਧੁਨਿਕ, ਵੰਨ-ਸੁਵੰਨੇ ਅਤੇ ਸ਼ਮੂਲੀਅਤ ਵਾਲੇ ਕਾਰਜਬਲ ਨੂੰ ਸ਼ਾਮਲ ਕਰਦਾ ਹੈ – ਜੋ ਸਿਟੀ ਦੀ ਨਵੀਂ ਪੰਜ-ਸਾਲਾ ਵਰਕਪਲੇਸ ਡਾਈਵਰਸਿਟੀ ਐਂਡ ਇਨਕਲੂਜ਼ਨ ਸਟ੍ਰੈਟਜੀ ਦਾ ਮਹੱਤਵਪੂਰਣ ਹਿੱਸਾ ਹੈ। ਨਾਲ ਮਿਲ ਕੇ, ਅਸੀਂ ਉਸ ਭਾਈਚਾਰੇ ਦਾ ਵਿਚਾਰਸ਼ੀਲ ਅਤੇ ਵੰਨ-ਸੁਵੰਨਾ ਕਾਰਜਬਲ ਵਿਕਸਿਤ ਕਰ ਰਹੇ ਹਾਂ, ਜਿਸਨੂੰ ਸਿਟੀ ਆਫ ਬ੍ਰੈਂਪਟਨ ਸੇਵਾ ਪ੍ਰਦਾਨ ਕਰਦੀ ਹੈ।"

- *ਪੈਟਰਿਕ ਬ੍ਰਾਊਨ* (Patrick Brown), *ਮੇਅਰ, ਸਿਟੀ ਆਫ ਬ੍ਰੈਂਪਟਨ*

"ਸਾਡੀ ਟੀਮ, ਸਾਡੇ ਨਿਵਾਸੀਆਂ ਲਈ ਲਗਾਤਾਰ ਨਤੀਜੇ ਪ੍ਰਦਾਨ ਕਰਨ ਲਈ ਉਤਸ਼ਾਹਿਤ ਹੈ। ਅਜਿਹੇ ਲੋਕਾਂ ਨੂੰ ਆਕਰਸ਼ਿਤ ਕਰਨ, ਜੋ ਸਾਡੇ ਭਾਈਚਾਰੇ ਨੂੰ ਦਰਸਾਉਂਦੇ ਹਨ ਅਤੇ ਸਾਡੇ ਮੁੱਲਾਂ ਨੂੰ ਸਾਂਝਾ ਕਰਨ ਨਾਲ, ਕੰਮ ਕਰਨ ਦਾ ਅਜਿਹਾ ਵਾਤਾਵਰਣ ਪੈਦਾ ਹੁੰਦਾ ਹੈ, ਜਿੱਥੇ ਸਾਡੇ ਕਰਮਚਾਰੀ ਉੱਨਤੀ ਕਰਦੇ ਹਨ। ਜੇਕਰ ਤੁਸੀਂ ਬ੍ਰੈਂਪਟਨ ਲਈ ਤਬਦੀਲੀ ਲਿਆਉਣਾ ਚਾਹੁੰਦੇ ਹੋ, ਤਾਂ ਮੈਂ ਤੁਹਾਨੂੰ ਟ੍ਰਾਂਜ਼ਿਟ ਜਾਂ ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ ਵਿੱਚ ਰੋਮਾਂਚਕ ਕੈਰੀਅਰ ਬਾਰੇ ਜਾਣਨ ਲਈ ਸਾਡੇ ਪਹਿਲੇ ਕੈਰੀਅਰ ਐਕਸਪੋ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕਰਦਾ ਹਾਂ।"

- *ਡੇਵਿਡ ਬੈਰਿਕ* (David Barrick), *ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca